WCAT Workers' Compensation Appeal Tribunal

# ਉੱਤਰਦਾਇਕ ਦੀ ਗਾਈਡ

# Respondent's Guide

WCAT Workers' Compensation Appeal Tribunal

## ਉੱਤਰਦਾਇਕ (ਰਿਸਪੌਂਡੈਂਟ) ਕੀ ਹੈ?

ਜਦੋਂ ਵਰਕਰਜ਼' ਕੰਪਨਸੇਸ਼ਨ ਅਪੀਲ ਟ੍ਰਿਬਿਊਨਲ (ਡਬਲਯੂ ਸੀ ਏ ਟੀ) ਨੂੰ ਕਿਸੇ ਵਰਕਰ ਜਾਂ ਇਮਪਲੌਏਅਰ (ਕੰਮ-ਮਾਲਕ) ਤੋਂ ਕੋਈ ਅਪੀਲ ਪ੍ਰਾਪਤ ਹੁੰਦੀ ਹੈ ਤਾਂ ਅਸੀਂ ਹਰ ਉਸ ਵਿਅਕਤੀ ਨੂੰ ਉੱਤਰਦਾਇਕ (ਰਿਸਪੌਂਡੈਂਟ) ਵਜੋਂ ਹਿੱਸਾ ਲੈਣ ਲਈ ਸੱਦਾ ਦਿੰਦੇ ਹਾਂ ਜਿਸ 'ਤੇ ਅਪੀਲ ਦਾ ਸਿੱਧਾ ਅਸਰ ਪੈ ਸਕਦਾ ਹੈ।

ਉਦਾਹਰਣ ਲਈ, ਕੋਈ ਇਮਪਲੌਏਅਰ, ਕਿਸੇ ਵਰਕਰ ਦੀ ਅਪੀਲ ਵਿਚ ਉੱਤਰਦਾਇਕ ਵਜੋਂ ਹਿੱਸਾ ਲੈਣ ਦੀ ਚੋਣ ਕਰ ਸਕਦਾ ਹੈ। ਇਮਪਲੌਏਅਰਾਂ ਦਾ ਕੋਈ ਜਥੇਬੰਦਕ ਗਰੁੱਪ ਜਾਂ ਇਮਪਲੌਏਅਰਜ਼' ਐਡਵਾਈਜ਼ਰ ਇਕ ਹੋਰ ਕਿਸਮ ਦਾ ਉੱਤਰਦਾਇਕ ਹੋ ਸਕਦਾ ਹੈ ਜਿਸ ਨੂੰ ਡਬਲਯੂ ਸੀ ਏ ਟੀ ਨੇ ਕਿਸੇ ਉਸ ਇਮਪਲੌਏਅਰ ਦੀ ਥਾ 'ਤੇ ਹਿੱਸਾ ਲੈਣ ਦੀ ਆਗਿਆ ਦਿੱਤੀ ਹੋ ਸਕਦੀ ਹੈ ਜੋ ਬਿਜ਼ਨਸ ਵਿੱਚੋਂ ਬਾਹਰ ਹੋ ਗਿਆ ਹੋ ਸਕਦਾ ਹੈ। ਇਸੇ ਤਰ੍ਹਾਂ ਹੀ, ਕੋਈ ਵਰਕਰ ਜਾਂ ਯੂਨੀਅਨ ਵੀ ਕਿਸੇ ਇਮਪਲੌਏਅਰ ਦੀ ਅਪੀਲ ਵਿਚ ਉੱਤਰਦਾਇਕ ਵਜੋਂ ਹਿੱਸਾ ਲੈਣ ਦੀ ਚੋਣ ਕਰ ਸਕਦੇ ਹਨ।

## ਉੱਤਰਦਾਇਕ ਨੂੰ ਡਬਲਯੂ ਸੀ ਏ ਟੀ ਤੋਂ ਕੀ ਜਾਣਕਾਰੀ ਮਿਲਦੀ ਹੈ?

ਅਸੀਂ ਸਾਰੇ ਸੰਭਵ ਉੱਤਰਦਾਇਕਾਂ ਨੂੰ ਅੱਗੇ ਲਿਖੀ ਜਾਣਕਾਰੀ ਦਿੰਦੇ ਹਾਂ, ਭਾਵੇਂ ਉਹ ਅਪੀਲ ਵਿਚ ਹਿੱਸਾ ਨਾ ਲੈਣ ਦੀ ਵੀ ਚੋਣ ਕਰਨ:

- ਇਹ ਨੋਟਿਸ ਕਿ ਡਬਲਯੂ ਸੀ ਏ ਟੀ ਕੋਲ ਇਕ ਅਪੀਲ ਦਰਜ ਕਰਵਾਈ ਗਈ ਹੈ
- ਅਪੀਲ ਵਿਚ ਹਿੱਸਾ ਲੈਣ ਦਾ ਸੱਦਾ
- ਤੁਹਾਨੂੰ ਅਪੀਲ ਵਿਚ ਹਿੱਸਾ ਲੈਣ ਦਾ ਸੱਦਾ ਦੇਣ ਤੋਂ ਪਹਿਲਾਂ, ਉਸ ਸਾਰੀ ਜਾਣਕਾਰੀ ਅਤੇ ਸਬੂਤ ਦੀ ਕਾਪੀ ਜਿਹੜੇ ਅਪੀਲਕਰਤਾ ਨੇ ਸਾਨੂੰ ਭੇਜੇ ਹਨ
- ਅਪੀਲ ਬਾਰੇ ਸਾਡੇ ਅੰਤਿਮ ਫੈਸਲੇ ਦੀ ਕਾਪੀ

## ਮੈਂ ਉੱਤਰਦਾਇਕ ਵਜੋਂ ਰਜਿਸਟਰ ਕਿਵੇਂ ਹੋਵਾਂ?

ਜੇ ਸਾਨੂੰ ਅਪੀਲ ਦਾ ਅਜਿਹਾ ਨੋਟਿਸ ਮਿਲੇ ਜਿਸ ਵਿਚ ਤੁਹਾਡਾ ਨਾਂ ਵੀ ਬੋਲਦਾ ਹੋਵੇ ਤਾਂ ਅਸੀਂ ਤੁਹਾਨੂੰ ਅੱਗੇ ਲਿਖੀਆਂ ਚੀਜ਼ਾਂ ਭੇਜਾਂਗੇ:

- ਇਕ ਚਿੱਠੀ ਜਿਹੜੀ ਤੁਹਾਨੂੰ ਅਪੀਲ ਵਿਚ ਹਿੱਸਾ ਲੈਣ ਦਾ ਸੱਦਾ ਦੇਵੇਗੀ
- ਸਾਨੂੰ ਮਿਲਿਆ *ਨੋਟਿਸ ਆਫ ਅਪੀਲ* ਫਾਰਮ ਜਾਂ ਅਪੀਲ ਦੀ ਚਿੱਠੀ
- ਇਕ *ਨੋਟਿਸ ਆਫ ਪਾਰਟੀਸੀਪੇਸ਼ਨ* ਫਾਰਮ ਜੋ ਕਿ ਤੁਹਾਨੂੰ ਉੱਤਰਦਾਇਕ ਬਣਨ ਦਾ ਮੌਕਾ ਦਿੰਦਾ ਹੈ ਅਤੇ ਕਿਸੇ ਹੋਰ ਨੂੰ ਤੁਹਾਡੀ ਨੁਮਾਇੰਦਗੀ ਕਰਨ ਦੀ ਆਗਿਆ ਦਿੰਦਾ ਹੈ

ਫਿਰ ਤੁਹਾਡੇ ਕੋਲ *ਨੋਟਿਸ ਆਫ ਪਾਰਟੀਸੀਪੇਸ਼ਨ* ਫਾਰਮ ਮੁਕੰਮਲ ਕਰਨ ਅਤੇ ਭੇਜਣ ਲਈ **14 ਦਿਨ** ਹੋਣਗੇ ਜਿਸ ਵਿਚ ਤੁਸੀਂ ਸਾਨੂੰ ਇਹ ਦੱਸੋਗੇ ਕਿ ਤੁਸੀਂ ਉੱਤਰਦਾਇਕ ਬਣਨਾ ਚਾਹੁੰਦੇ ਹੋ ਜਾਂ ਨਹੀਂ ਅਤੇ ਕੀ ਤੁਸੀਂ ਆਪਣੀ ਮਦਦ ਲਈ ਕਿਸੇ ਨੁਮਾਇੰਦੇ ਨੂੰ ਲਿਆਉਣਾ ਚਾਹੁੰਦੇ ਹੋ ਜਾਂ ਨਹੀਂ।

ਜੇ ਤੁਸੀਂ ਇਕ ਉੱਤਰਦਾਇਕ ਵਜੋਂ ਅਪੀਲ ਵਿਚ ਹਿੱਸਾ ਲੈਣ ਦੀ ਚੋਣ ਕਰਦੇ ਹੋ ਤਾਂ ਅਸੀਂ ਤੁਹਾਨੂੰ ਅੱਗੇ ਲਿਖੀਆਂ ਚੀਜ਼ਾਂ ਵੀ ਦੇਵਾਂਗੇ:

- ਜੇ ਜ਼ਬਾਨੀ ਸੁਣਵਾਈ ਹੋਣੀ ਹੈ ਤਾਂ ਉਸ ਸੁਣਵਾਈ ਦੀ ਤਰੀਕ, ਸਮੇਂ ਅਤੇ ਸਥਾਨ ਬਾਰੇ ਜਾਣਕਾਰੀ ਦਾ ਨੋਟਿਸ
- ਅਪੀਲ ਨਾਲ ਸੰਬੰਧਿਤ ਵਰਕਸੇਫ ਬੀ ਸੀ ਫਾਇਲ ਦੀ ਇਕ ਕਾਪੀ
- ਮੂੰਹ-ਜ਼ਬਾਨੀ ਸੁਣਵਾਈ ਵਿਚ ਹਿੱਸਾ ਲੈਣ ਲਈ ਜ਼ਬਾਨੀ ਵਿਚਾਰ (ਦਲੀਲਾਂ ਦੇਣ) ਅਤੇ ਗਵਾਹੀ ਲਈ ਗਵਾਹ ਲਿਆਉਣ ਦਾ ਮੌਕਾ
- ਉਨ੍ਹਾਂ ਪੇਪਰਾਂ ਦੀ ਇਕ ਕਾਪੀ ਜਿਹੜੇ ਅਪੀਲਕਰਤਾ ਨੇ ਸਾਨੂੰ ਭੇਜੇ ਹਨ ਜਾਂ ਜਿਹੜੇ ਅਸੀਂ ਹਾਸਲ ਕੀਤੇ ਹਨ
- ਸਾਨੂੰ ਲਿਖਤੀ ਦਲੀਲਾਂ ਅਤੇ ਸਬੂਤ ਦੇਣ ਦਾ ਮੌਕਾ

ਬੇਸ਼ੱਕ, ਅਪੀਲਕਰਤਾ ਨੂੰ ਵੀ ਇਹ ਸਾਰੀ ਜਾਣਕਾਰੀ ਮਿਲੇਗੀ।

## ਮੇਰੇ ਵੱਲੋਂ ਉੱਤਰਦਾਇਕ ਵਜੋਂ ਰਜਿਸਟਰ ਹੋਣ ਤੋਂ ਬਾਅਦ ਕੀ ਹੁੰਦਾ ਹੈ?

ਅਸੀਂ ਵਰਕਸੇਫ ਬੀ ਸੀ ਨੂੰ ਕਹਾਂਗੇ ਕਿ ਉਹ ਤੁਹਾਨੂੰ "ਡਿਸਕਲੋਜ਼ਰ" (ਵਰਕਸੇਫ ਬੀ ਸੀ ਫਾਇਲ ਦੀ ਪੂਰੀ ਜਾਂ ਤਾਜ਼ਾ ਕਾਪੀ) ਭੇਜਣ। ਮਿਲਣ 'ਤੇ ਤੁਹਾਨੂੰ ਇਸ ਨੂੰ ਪੜ੍ਹਨਾ ਚਾਹੀਦਾ ਹੈ। ਤੁਹਾਨੂੰ ਫਿਰ ਇਹ ਪਤਾ ਲੱਗੇਗਾ ਕਿ ਅਪੀਲ ਅਧੀਨ ਫੈਸਲਾ ਕਰਨ ਲਈ ਵਰਕਸੇਫ ਬੀ ਸੀ ਜਾਂ ਰਿਵੀਊ

ਡਿਵੀਜ਼ਨ ਨੇ ਕਿਹੜੇ ਸਬੂਤਾਂ ਅਤੇ ਨੀਤੀਆਂ ’ਤੇ ਨਿਰਭਰ ਕੀਤਾ ਹੈ। ਫਿਰ ਤੁਸੀਂ ਇਹ ਫੈਸਲਾ ਕਰ ਸਕਦੇ ਹੋ ਕਿ ਤੁਸੀਂ ਸਾਨੂੰ ਕਿਹੜੇ ਨਵੇਂ ਸਬੂਤ ਦੇਣੇ ਹਨ। ਤੁਹਾਨੂੰ ਨਵੇਂ ਸਬੂਤ ਅਤੇ ਜਾਣਕਾਰੀ ਹੁਣ ਇਕੱਠੇ ਕਰਨੇ ਸ਼ੁਰੂ ਕਰ ਦੇਣੇ ਚਾਹੀਦੇ ਹਨ।

ਜੇ ਅਪੀਲ ਦੀ ਕਾਰਵਾਈ ਜ਼ਬਾਨੀ ਸੁਣਵਾਈ ਰਾਹੀਂ ਹੋਣੀ ਹੈ ਤਾਂ ਅਸੀਂ ਤੁਹਾਨੂੰ ਤਾਰੀਖ ਅਤੇ ਸਮਾਂ ਦੱਸਾਂਗੇ ਤਾਂ ਜੋ ਤੁਸੀਂ ਸ਼ਾਮਲ ਹੋ ਸਕੋ। ਅਸੀਂ ਜ਼ਬਾਨੀ ਸੁਣਵਾਈਆਂ ਬ੍ਰਿਟਿਸ਼ ਕੋਲੰਬੀਆ ਭਰ ਵਿਚ ਬਹੁਤ ਸਾਰੀਆਂ ਥਾਂਵਾਂ ’ਤੇ ਕਰਦੇ ਹਾਂ। ਅਸੀਂ ਆਮ ਤੌਰ ’ਤੇ ਸੁਣਵਾਈਆਂ “ਨਿੱਜੀ ਹਾਜ਼ਰੀ ਵਿਚ” ਕਰਦੇ ਹਾਂ, ਪਰ ਕਦੇ ਕਦੇ ਅਸੀਂ ਇਸ ਦੀ ਬਜਾਏ ਟੈਲੀਕਾਨਫਰੰਸਾਂ ਦੀ ਵਰਤੋਂ ਕਰਦੇ ਹਾਂ। ਸਾਡੀ ਜ਼ਬਾਨੀ ਸੁਣਵਾਈ ਬਾਰੇ ਗਾਈਡ, ਅਪੀਲ ਦੇ ਇਸ ਤਰੀਕੇ ਬਾਰੇ ਵਿਸਥਾਰ ਵਿਚ ਦੱਸਦੀ ਹੈ।

ਜੇ ਤੁਸੀਂ ਜ਼ਬਾਨੀ ਸੁਣਵਾਈ ਵਿਚ ਸ਼ਾਮਲ ਨਹੀਂ ਹੁੰਦੇ ਤਾਂ ਅਸੀਂ ਤੁਹਾਨੂੰ ਅਪੀਲ ਬਾਰੇ ਕੋਈ ਹੋਰ ਜਾਣਕਾਰੀ ਨਹੀਂ ਭੇਜਾਂਗੇ, ਜਿਸ ਵਿਚ ਉਹ ਕੋਈ ਵੀ ਸਬੂਤ ਸ਼ਾਮਲ ਹੈ ਜਿਹੜਾ ਸਾਨੂੰ ਸੁਣਵਾਈ ਵਿਖੇ ਅਤੇ ਬਾਅਦ ਵਿਚ ਮਿਲਦਾ ਹੈ। ਪਰ, ਅਸੀਂ ਤੁਹਾਨੂੰ ਅਪੀਲ ਬਾਰੇ ਆਪਣੇ ਅੰਤਿਮ ਫੈਸਲੇ ਦੀ ਕਾਪੀ ਭੇਜਾਂਗੇ।

ਜੇ ਅਪੀਲ ਦੀ ਕਾਰਵਾਈ ਲਿਖਤੀ ਦਲੀਲਾਂ ਰਾਹੀਂ ਹੋਣੀ ਹੈ ਤਾਂ ਅਸੀਂ ਤੁਹਾਨੂੰ ਅਪੀਲਕਰਤਾ ਦੀਆਂ ਲਿਖਤੀ ਦਲੀਲਾਂ ਅਤੇ ਸਬੂਤਾਂ ਦੀ ਇਕ ਕਾਪੀ ਭੇਜਾਂਗੇ। ਅਸੀਂ ਤੁਹਾਨੂੰ ਆਪਣੀਆਂ ਲਿਖਤੀ ਦਲੀਲਾਂ ਅਤੇ ਸਬੂਤ ਦੇਣ ਦਾ ਵੀ ਸੱਦਾ ਦੇਵਾਂਗੇ। ਸਾਡੀ ਲਿਖਤੀ ਦਲੀਲਾਂ ਬਾਰੇ ਗਾਈਡ, ਅਪੀਲ ਦੇ ਇਸ ਤਰੀਕੇ ਬਾਰੇ ਵਿਸਥਾਰ ਵਿਚ ਦੱਸਦੀ ਹੈ।

## ਕੀ ਆਪਣੇ ਆਪ ਨੂੰ ਅਪੀਲ ਵਿਚ ਸ਼ਾਮਲ ਕਰਨ ਦੀ ਮੇਰੀ ਕੋਈ ਜ਼ਿੰਮੇਵਾਰੀ ਹੈ?

ਨਹੀਂ। ਤੁਹਾਡੇ ਲਈ ਅਪੀਲ ਵਿਚ ਉੱਤਰਦਾਇਕ ਵਜੋਂ ਹਿੱਸਾ ਲੈਣਾ ਜ਼ਰੂਰੀ ਨਹੀਂ ਹੈ।

ਭਾਵੇਂ ਤੁਸੀਂ ਉੱਤਰਦਾਇਕ ਵਜੋਂ ਅਪੀਲ ਵਿਚ ਹਿੱਸਾ ਲੈਣ ਦੀ ਚੋਣ ਨਹੀਂ ਕਰਦੇ, ਅਸੀਂ ਫਿਰ ਵੀ ਤੁਹਾਨੂੰ ਢੁਕਵੇਂ ਸਬੂਤ ਸਾਨੂੰ ਦੇਣ ਲਈ ਕਹਿ ਸਕਦੇ ਹਾਂ।

## ਜੇ ਮੈਂ ਅਪੀਲਕਰਤਾ ਨਾਲੋਂ ਵੱਖਰੇ ਮੁੱਦੇ ਉਠਾਉਣਾ ਚਾਹੁੰਦਾ/ਚਾਹੁੰਦੀ ਹੋਵਾਂ ਤਾਂ ਕੀ ਹੋਵੇਗਾ?

ਵਰਕਸੇਫ ਬੀ ਸੀ ਜਾਂ ਰਿਵੀਊ ਡਿਵੀਜ਼ਨ ਦੇ ਫੈਸਲਿਆਂ ਵਿਚ ਅਕਸਰ ਕਈ ਮੁੱਦੇ ਸ਼ਾਮਲ ਹੁੰਦੇ ਹਨ। ਅਸੀਂ ਆਮ ਤੌਰ ’ਤੇ ਆਪਣਾ ਫੈਸਲਾ ਸਿਰਫ ਉਨ੍ਹਾਂ ਮੁੱਦਿਆਂ ਉੱਪਰ ਹੀ ਕਰਦੇ ਹਾਂ ਜਿਹੜੇ ਅਪੀਲਕਰਤਾ ਨੇ *ਨੋਟਿਸ ਆਫ ਅਪੀਲ* ਵਿਚ ਅਤੇ ਲਿਖਤੀ ਜਾਂ ਜ਼ਬਾਨੀ ਵਿਚਾਰਾਂ ਵਿਚ ਉਠਾਏ ਹੁੰਦੇ ਹਨ। ਪਰ ਹੋ ਸਕਦਾ ਹੈ ਕਿ ਤੁਸੀਂ ਚਾਹੁੰਦੇ ਹੋਵੋ ਕਿ ਅਸੀਂ ਉਸ ਮੁੱਦੇ ਬਾਰੇ ਫੈਸਲਾ ਕਰੀਏ ਜਿਹੜਾ ਮੁੱਦਾ ਅਪੀਲਕਰਤਾ ਨੇ ਨਹੀਂ ਉਠਾਇਆ। ਇਸ ਹਾਲਤ ਵਿਚ, ਇਹ ਯਕੀਨੀ ਬਣਾਉਣ ਲਈ ਕਿ ਅਸੀਂ ਤੁਹਾਡੇ ਮੁੱਦੇ ’ਤੇ ਵਿਚਾਰ ਕਰੀਏ, ਤੁਹਾਨੂੰ ਆਪਣੀ ਖੁਦ ਦੀ ਅਪੀਲ (ਕਰੌਸ ਅਪੀਲ) ਦਰਜ ਕਰਵਾਉਣੀ ਚਾਹੀਦੀ ਹੈ। ਨਹੀਂ ਤਾਂ, ਜੇ ਅਪੀਲਕਰਤਾ ਬਾਅਦ ਵਿਚ ਆਪਣੀ ਅਪੀਲ ਤਿਆਗ ਦੇਵੇ (ਵਾਪਸ ਲੈ ਲਵੇ) ਤਾਂ ਤੁਹਾਨੂੰ ਟਾਈਮ ਵਧਾਉਣ ਲਈ ਅਪਲਾਈ ਕਰਨਾ ਪਵੇਗਾ, ਇਹ ਖਤਰਾ ਮੁੱਲ ਲੈਂਦੇ ਹੋਏ ਕਿ ਸ਼ਾਇਦ ਇਹ ਟਾਇਮ ਨਾ ਵਧਾਇਆ ਜਾਵੇ।

***ਨੋਟ: ਅਸੀਂ ਕਿਸੇ ਵੀ ਉਸ ਮਸਲੇ ਜਾਂ ਸਵਾਲ ਬਾਰੇ ਫੈਸਲਾ ਨਹੀਂ ਕਰ ਸਕਦੇ ਜਿਹੜਾ ਵਰਕਸੇਫ ਬੀ ਸੀ ਜਾਂ ਰਿਵੀਊ ਡਿਵੀਜ਼ਨ ਦੇ ਫੈਸਲੇ ਵਿਚ ਸ਼ਾਮਲ ਨਹੀਂ ਸੀ। ਜੇ ਤੁਸੀਂ ਕਿਸੇ ਨਵੀਂ ਚੀਜ਼ ਬਾਰੇ ਫੈਸਲਾ ਚਾਹੁੰਦੇ ਹੋ ਤਾਂ ਤੁਹਾਨੂੰ ਇਸ ਲਈ ਵਰਕਸੇਫ ਬੀ ਸੀ ਨੂੰ ਕਹਿਣਾ ਪਵੇਗਾ।***

## ਕਿਸੇ ਅਪੀਲ ਨੂੰ ਕਿੰਨਾ ਲੰਮਾ ਸਮਾਂ ਲੱਗਦਾ ਹੈ?

ਤੁਸੀਂ ਸਾਡੇ ਤੋਂ, ਵਰਕਸੇਫ ਬੀ ਸੀ ਵਲੋਂ ਤੁਹਾਨੂੰ ਡਿਸਕਲੋਜ਼ਰ ਦੇਣ ਦੀ ਤਾਰੀਖ ਤੋਂ ਬਾਅਦ ਛੇ ਮਹੀਨਿਆਂ ਦੇ ਵਿਚ ਵਿਚ ਅਪੀਲ ਦੇ ਫੈਸਲੇ ਦੀ ਆਸ ਰੱਖ ਸਕਦੇ ਹੋ। ਇਸ ਕਰਕੇ ਇਹ ਮਹੱਤਵਪੂਰਨ ਹੈ ਕਿ ਤੁਸੀਂ ਆਪਣੀਆਂ ਲਿਖਤੀ ਦਲੀਲਾਂ ਸਾਨੂੰ ਝਟਪਟ ਦੇ ਦੇਵੋ, ਜਦੋਂ ਅਸੀਂ ਇਨ੍ਹਾਂ ਦੀ ਮੰਗ ਕਰੀਏ ਅਤੇ ਤੁਸੀਂ ਮਿੱਥੀ ਤਾਰੀਖ ਨੂੰ ਜ਼ਬਾਨੀ ਸੁਣਵਾਈ ਵਿਚ ਸ਼ਾਮਲ ਹੋਵੋ। ਜੇ ਅਸੀਂ ਅਪੀਲ ਲਿਖਤੀ ਦਲੀਲਾਂ ਰਾਹੀਂ ਕਰਨੀ ਹੈ ਤਾਂ ਅਸੀਂ ਤੁਹਾਨੂੰ ਆਪਣੀਆਂ ਲਿਖਤੀ ਦਲੀਲਾਂ ਸਾਡੀ ਬੇਨਤੀ ਤੋਂ ਬਾਅਦ 21 ਦਿਨਾਂ ਦੇ ਵਿਚ ਵਿਚ ਦੇਣ ਲਈ ਕਹਾਂਗੇ।

ਜੇ ਅਸੀਂ ਅਪੀਲਕਰਤਾ ਨੂੰ ਲਿਖਤੀ ਦਲੀਲਾਂ ਦੇਣ ਲਈ ਆਮ 21 ਦਿਨਾਂ ਨਾਲੋਂ ਜ਼ਿਆਦਾ ਸਮਾਂ ਦਿੰਦੇ ਹਾਂ (ਵਾਧੂ 45 ਦਿਨ ਤੱਕ) ਤਾਂ ਤੁਸੀਂ ਓਨਾ ਹੀ ਵਾਧੂ ਸਮਾਂ ਮੰਗ ਸਕਦੇ ਹੋ ਅਤੇ ਅਜਿਹਾ ਆਪਣੀ ਬੇਨਤੀ ਲਈ ਕੋਈ ਵੀ ਕਾਰਨ ਦੱਸੇ ਬਿਨਾਂ ਕਰ ਸਕਦੇ ਹੋ।

ਜੇ ਅਪੀਲ ਗੁੰਝਲਦਾਰ ਹੋਵੇ ਤਾਂ ਕਿਸੇ ਫੈਸਲੇ ’ਤੇ ਪਹੁੰਚਣ ਲਈ ਸਾਨੂੰ ਛੇ ਮਹੀਨਿਆਂ ਤੋਂ ਜ਼ਿਆਦਾ ਸਮਾਂ ਵੀ ਲੱਗ ਸਕਦਾ ਹੈ।

## ਕੀ ਮੈਨੂੰ ਆਪਣੀ ਨੁਮਾਇੰਦਗੀ ਲਈ ਕਿਸੇ ਦੀ ਲੋੜ ਹੈ?

ਬੇਸ਼ੱਕ ਤੁਸੀਂ ਕਿਸੇ ਅਪੀਲ ਦਾ ਉੱਤਰ ਆਪਣੇ ਆਪ ਦੇ ਸਕਦੇ ਹੋ, ਪਰ ਹੋ ਸਕਦਾ ਤੁਸੀਂ ਕਿਸੇ ਅਜਿਹੇ ਵਿਅਕਤੀ ਦੀ ਮਦਦ ਵੀ ਲੈਣਾ ਚਾਹੁੰਦੇ ਹੋਵੋ ਜਿਹੜਾ ਵਰਕਰਜ਼' ਕੰਪਨਸੇਸ਼ਨ ਸਿਸਟਮ ਤੋਂ ਜਾਣੂ ਹੈ, ਜਿਵੇਂ ਕਿ ਕੋਈ ਕੰਪਨਸੇਸ਼ਨ ਕਨਸਲਟੈਂਟ, ਕੋਈ ਵਕੀਲ, ਕੋਈ ਇਮਪਲੌਏਅਰਜ਼' ਐਸੋਸੀਏਸ਼ਨ ਜਾਂ ਯੂਨੀਅਨ ਦਾ ਨੁਮਾਇੰਦਾ।

ਇਮਪਲੌਏਅਰਾਂ ਲਈ ਮੁਫਤ ਮਦਦ ਇਮਪਲੌਏਅਰਜ਼' ਐਡਵਾਈਜ਼ਰਜ਼ (ਸਲਾਹਕਾਰ) ਤੋਂ ਮਿਲਦੀ ਹੈ (ਸੰਪਰਕ ਕਰਨ ਬਾਰੇ ਜਾਣਕਾਰੀ ਲਈ ਇਸ ਗਾਈਡ ਦਾ ਅਖੀਰ ਦੇਖੋ)।

ਵਰਕਰਾਂ ਲਈ ਮੁਫਤ ਮਦਦ ਵਰਕਰਜ਼' ਐਡਵਾਈਜ਼ਰਜ਼ (ਸਲਾਹਕਾਰ) ਤੋਂ ਮਿਲਦੀ ਹੈ (ਸੰਪਰਕ ਕਰਨ ਬਾਰੇ ਜਾਣਕਾਰੀ ਲਈ ਇਸ ਗਾਈਡ ਦਾ ਅਖੀਰ ਦੇਖੋ)।

ਤੁਹਾਡੀ ਭੇਤਦਾਰੀ ਦੀ ਹਿਫਾਜ਼ਤ ਲਈ, ਅਸੀਂ ਤੁਹਾਡੀ ਅਪੀਲ ਬਾਰੇ ਤੁਹਾਡੇ ਤੋਂ ਬਿਨਾਂ ਉਦੋਂ ਤੱਕ ਕਿਸੇ ਹੋਰ ਨਾਲ ਗੱਲਬਾਤ ਨਹੀਂ ਕਰਾਂਗੇ ਜਦ ਤੱਕ ਤੁਸੀਂ ਕਿਸੇ ਨੁਮਾਇੰਦੇ ਨੂੰ *ਨੋਟਿਸ ਆਫ ਪਾਰਟੀਸੀਪੇਸ਼ਨ* ਫਾਰਮ ਉੱਪਰ ਆਪਣੇ ਨੁਮਾਇੰਦੇ ਵਜੋਂ ਨਹੀਂ ਦਰਜ ਕਰਦੇ ਜਿਹੜਾ ਅਜਿਹਾ ਕਰਨ ਦੀ ਸਾਨੂੰ ਆਗਿਆ ਦਿੰਦਾ ਹੈ।

## ਮੈਨੂੰ ਜ਼ਿਆਦਾ ਜਾਣਕਾਰੀ ਕਿੱਥੋਂ ਮਿਲ ਸਕਦੀ ਹੈ?

ਤੁਹਾਨੂੰ ਸਾਡੇ ਬਾਰੇ ਜ਼ਿਆਦਾ ਜਾਣਕਾਰੀ ਸਾਡੇ ਵੈੱਬਸਾਈਟ (www.wcat.bc.ca) ਤੋਂ ਮਿਲੇਗੀ।

ਵਰਕਸੇਫ ਬੀ ਸੀ ਜਾਂ ਰਿਵੀਊ ਡਿਵੀਜ਼ਨ ਬਾਰੇ ਜ਼ਿਆਦਾ ਜਾਣਕਾਰੀ ਲੈਣ ਲਈ ਕਿਰਪਾ ਕਰਕੇ ਸੰਪਰਕ ਕਰੋ:

**ਵਰਕਸੇਫ ਬੀ ਸੀ:** 1 888 967-5377
**ਰਿਵੀਊ ਡਿਵੀਜ਼ਨ:** 1 888 922-8804

## ਮੈਨੂੰ ਜ਼ਿਆਦਾ ਮਦਦ ਕਿੱਥੋਂ ਮਿਲ ਸਕਦੀ ਹੈ?

ਤੁਸੀਂ ਇਨ੍ਹਾਂ ਵਿੱਚੋਂ ਕਿਸੇ ਵੀ ਥਾਂ ਵਿਚਲੇ ਕਿਸੇ ਇਮਪਲੌਏਅਰਜ਼' ਜਾਂ ਵਰਕਰਜ਼' ਐਡਵਾਈਜ਼ਰ ਤੋਂ ਅਪੀਲ ਦੇ ਸੰਬੰਧ ਵਿਚ ਮੁਫਤ ਮਦਦ ਲੈ ਸਕਦੇ ਹੋ:

### ਇਮਪਲੌਏਅਰਜ਼' ਐਡਵਾਈਜ਼ਰਜ਼

*ਵੈੱਬਸਾਈਟ:* www.labour.gov.bc.ca/eao

#### ਵੈਨਕੂਵਰ/ਲੋਅਰ ਮੇਨਲੈਂਡ ਦਾ ਇਲਾਕਾ

**ਐਬਟਸਫੋਰਡ**
207 - 32555 Simon Avenue
Abbotsford, BC V2T 4Y2
*ਟੈਲੀਫੋਨ:* 604 870-5492
*ਫੈਕਸ:* 604 870-5498
*ਬੀ ਸੀ ਅਤੇ ਅਲਬਰਟਾ ਵਿਚ*
*ਟੋਲ ਫ੍ਰੀ:* 1 866 870-5492

**ਰਿਚਮੰਡ**
620 - 8100 Granville Avenue
Richmond, BC V6Y 3T6
*ਟੈਲੀਫੋਨ:* 604 713-0303
*ਫੈਕਸ:* 604 713-0345
*ਬੀ ਸੀ ਅਤੇ ਅਲਬਰਟਾ ਵਿਚ*
*ਟੋਲ ਫ੍ਰੀ:* 1 800 925-2233

#### ਵੈਨਕੂਵਰ ਆਈਲੈਂਡ ਦਾ ਇਲਾਕਾ

**ਨਨਾਇਮੋ**
404 - 495 Dunsmuir Street
Nanaimo, BC V9R 6B9
*ਟੈਲੀਫੋਨ:* 250 741-5500
*ਫੈਕਸ:* 250 741-5508
*ਬੀ ਸੀ ਅਤੇ ਅਲਬਰਟਾ ਵਿਚ*
*ਟੋਲ ਫ੍ਰੀ:* 1 866 827-2277

**ਵਿਕਟੋਰੀਆ**
400 - 3960 Quadra Street
Quadra Centre
Victoria, BC V8X 4A8
*ਟੈਲੀਫੋਨ:* 250 952-4821
*ਫੈਕਸ:* 250 952-4822
*ਬੀ ਸੀ ਅਤੇ ਅਲਬਰਟਾ ਵਿਚ*
*ਟੋਲ ਫ੍ਰੀ: 1800 663-8783*

#### ਇਨਟੀਰੀਅਰ ਦਾ ਇਲਾਕਾ

**ਕੈਮਲੂਪਸ**
101 - 70 Second Avenue
Kamloops, BC V2C 6W2
*ਟੈਲੀਫੋਨ:* 250 828-4397
*ਫੈਕਸ:* 250 828-4563
*ਬੀ ਸੀ ਅਤੇ ਅਲਬਰਟਾ ਵਿਚ*
*ਟੋਲ ਫ੍ਰੀ:* 1 866 301-6688

**ਕਲੋਨਾ**
102 - 1726 Dolphin Avenue
Kelowna, BC V1Y 9R9
*ਟੈਲੀਫੋਨ:* 250 717-2050
*ਫੈਕਸ:* 250 717-2051
*ਬੀ ਸੀ ਅਤੇ ਅਲਬਰਟਾ ਵਿਚ*
*ਟੋਲ ਫ੍ਰੀ:* 1 866 855-7575

**ਪ੍ਰਿੰਸ ਜੌਰਜ**
206 - 1577 7th Avenue
Prince George, BC V2L 3P5
*ਟੈਲੀਫੋਨ:* 250 565-4285
*ਫੈਕਸ:* 250 565-4288
*ਬੀ ਸੀ ਅਤੇ ਅਲਬਰਟਾ ਵਿਚ*
*ਟੋਲ ਫ੍ਰੀ:* 1 888 608-8882

**ਟਰੇਲ**
1050 Eldorado Street
Trail, BC V1R 3V7
*ਟੈਲੀਫੋਨ:* 250 364-0730
*ਫੈਕਸ:* 250 364-0731
*ਬੀ ਸੀ ਅਤੇ ਅਲਬਰਟਾ ਵਿਚ*
*ਟੋਲ ਫ੍ਰੀ:* 1 877 877-5524

## ਵਰਕਰਜ਼' ਐਡਵਾਈਜ਼ਰਜ਼

*ਵੈੱਬਸਾਈਟ:* www.labour.gov.bc.ca/wab

### ਵੈਨਕੂਵਰ/ਲੋਅਰ ਮੇਨਲੈਂਡ ਦਾ ਇਲਾਕਾ

**ਐਬਟਸਫੋਰਡ**
204 - 32555 Simon Avenue
Abbotsford, BC V2T 4Y2
*ਟੈਲੀਫੋਨ:* 604 870-5488
*ਫੈਕਸ:* 604 870-5494
*ਬੀ ਸੀ ਵਿਚ ਟੋਲ ਫ੍ਰੀ:*
1 888 295-7781

**ਰਿਚਮੰਡ**
500 - 8100 Granville Avenue
Richmond, BC V6Y 3T6
*ਟੈਲੀਫੋਨ:* 604 713-0360
*ਫੈਕਸ:* 604 713-0311
*ਬੀ ਸੀ ਵਿਚ ਟੋਲ ਫ੍ਰੀ:*
1 800 663-4261

### ਵੈਨਕੂਵਰ ਆਈਲੈਂਡ ਦਾ ਇਲਾਕਾ

**ਕੈਂਬਲ ਰਿਵਰ**
205 -1040 Shoppers Row
Campbell River, BC V9W 2C6
*ਟੈਲੀਫੋਨ:* 250 830-6526
*ਫੈਕਸ:* 250 830-6528
*ਬੀ ਸੀ ਵਿਚ ਟੋਲ ਫ੍ਰੀ:*
1 888 643-0013

**ਨਨਾਇਮੋ**
504 - 495 Dunsmuir Street
Nanaimo, BC V9R 6B9
*ਟੈਲੀਫੋਨ:* 250 741-5504
*ਫੈਕਸ:* 250 741-5516
*ਬੀ ਸੀ ਵਿਚ ਟੋਲ ਫ੍ਰੀ:*
1 800 668-2117

**ਵਿਕਟੋਰੀਆ**
403 - 3960 Quadra Street
Victoria, BC V8X 4A3
*ਟੈਲੀਫੋਨ:* 250 952-4393
*ਫੈਕਸ:* 250 952-4399
*ਬੀ ਸੀ ਵਿਚ ਟੋਲ ਫ੍ਰੀ:*
1 800 661-4066

### ਇਨਟੀਰੀਅਰ ਦਾ ਇਲਾਕਾ

**ਕੈਮਲੂਪਸ**
102 - 70 Second Avenue
Kamloops, BC V2C 6W2
*ਟੈਲੀਫੋਨ:* 250 371-3860
*ਫੈਕਸ:* 250 371-3820
*ਬੀ ਸੀ ਵਿਚ ਟੋਲ ਫ੍ਰੀ:*
1 800 663-6695

**ਕਲੋਨਾ**
101 - 1726 Dolphin Avenue
Kelowna, BC V1Y 9R9
*ਟੈਲੀਫੋਨ:* 250 717-2096
*ਫੈਕਸ:* 250 717-2010
*ਬੀ ਸੀ ਵਿਚ ਟੋਲ ਫ੍ਰੀ:*
1 866 881-1188

**ਨੈਲਸਨ**
310 Ward Street
Second Floor
Nelson, BC V1L 5S4
*ਟੈਲੀਫੋਨ:* 250 354-6933
*ਫੈਕਸ:* 250 354-6944
*ਬੀ ਸੀ ਵਿਚ ਟੋਲ ਫ੍ਰੀ:*
1 866 354-6933

**ਪ੍ਰਿੰਸ ਜੌਰਜ**
208 -1577 7th Avenue
Prince George, BC V2L 3P5
*ਟੈਲੀਫੋਨ:* 250 565-4280
*ਫੈਕਸ:* 250 565-4283
*ਬੀ ਸੀ ਵਿਚ ਟੋਲ ਫ੍ਰੀ:*
1 800 263-6066



## ਡਬਲਯੂ ਸੀ ਏ ਟੀ ਦੀਆਂ ਜਾਣਕਾਰੀ ਦੇਣ ਵਾਲੀਆਂ ਗਾਈਡਾਂ

*ਰਿਵੀਊ ਡਿਵੀਜ਼ਨ ਦੇ ਕਿਸੇ ਫੈਸਲੇ ਵਿਰੁੱਧ ਅਪੀਲ ਕਰਨ ਲਈ ਵਰਕਰ ਦੀ ਗਾਈਡ**

*ਰਿਵੀਊ ਡਿਵੀਜ਼ਨ ਦੇ ਕਿਸੇ ਫੈਸਲੇ ਵਿਰੁੱਧ ਅਪੀਲ ਕਰਨ ਲਈ ਇਮਪਲੌਏਅਰ ਦੀ ਗਾਈਡ**

*ਉੱਤਰਦਾਇਕ ਦੀ ਗਾਈਡ**

*ਜ਼ਬਾਨੀ ਸੁਣਵਾਈ ਬਾਰੇ ਗਾਈਡ**

*ਲਿਖਤੀ ਦਲੀਲਾਂ ਦੇਣ ਬਾਰੇ ਗਾਈਡ**

*ਡਾਕਟਰੀ ਸਬੂਤਾਂ ਬਾਰੇ ਗਾਈਡ**

*ਫੈਸਲੇ ਤੋਂ ਬਾਅਦ ਲਈ ਗਾਈਡ**

* ਇਹ ਗਾਈਡਾਂ ਸਾਡੇ ਵੈੱਬਸਾਈਟ 'ਤੇ ਪੰਜਾਬੀ, ਚਾਇਨੀਜ਼ (ਟ੍ਰਾਡੀਸ਼ਨਲ) ਅਤੇ ਚਾਇਨੀਜ਼ (ਸਿੰਪਲੀਫਾਇਡ) ਵਿਚ ਵੀ ਮਿਲਦੀਆਂ ਹਨ।

## ਡਬਲਯੂ ਸੀ ਏ ਟੀ ਨਾਲ ਸੰਪਰਕ ਕਰਨ ਬਾਰੇ ਜਾਣਕਾਰੀ

ਚਿੱਠੀ-ਪੱਤਰ ਲਈ ਐਡਰੈਸ:
Workers' Compensation Appeal Tribunal
150 – 4600 Jacombs Road
Richmond, BC V6V 3B1

ਟੈਲੀਫੋਨ: 604 664-7800
ਫੈਕਸ: 604 664-7898
ਬੀ ਸੀ ਵਿਚ ਟੋਲ ਫ੍ਰੀ: 1 800 663-2782

ਵੈੱਬਸਾਈਟ: www.wcat.bc.ca

ਜੇ ਤੁਹਾਡੇ ਕੋਲ ਸਮਾਰਟ ਫੋਨ ਹੈ ਤਾਂ ਸਾਡੇ ਵੈੱਬਸਾਈਟ ਤੱਕ ਪਹੁੰਚ ਕਰਨ ਲਈ ਇਹ ਕੋਡ ਸਕੈਨ ਕਰੋ।

WCAT Workers' Compensation Appeal Tribunal